# KHALSA PRIMARY SCHOOL

Headteacher: Ms P. K. Sehmi

Volume 5
Issue 23

## Week beginning: 10 March 2014

### Year 1 Phonics Screening Check



Thank you to all parents that attended the Phonics meeting on Thursday 6th March. The information provided will enable you to support your child at home. If you have any further questions please do not hesitate to speak to your child's class teacher.

### Parents' Meetings

On **Tuesday 11th and Thursday 13th March from 2.30pm to 5.00pm**, there will be an opportunity for you to meet with your child's teacher and discuss progress made by your child. Teachers will discuss targets that have been set for your child. If you have not already done so, please sign up on the sheets in the classrooms (Nursery, Reception & Year 1) or reception area (Years 2-4) for a suitable time. **Note: school will finish at normal time of 3.20pm on these days.**

### Year 4 - Football match



On **Wednesday 12th March** there will be a Football match against Wolf Fields Primary School**.** Mr Virdee has selected 12 Year 4 boys to take part. This event will be held on the Norwood Green playing field behind the school from 3.15pm to 4.15pm. Please come and support the children.

### Red Nose Day

RED NOSE DAY

On **Friday 14th March** we will be raising money for Red Nose day. Please note that **children need to wear school uniform** and add an item of **red clothing** (scarf, socks, jumper, sweat band etc.) and donate a minimum of £1. All donations collected will go towards the Red nose charity.

**Please note that as Reception children will be going on their London Zoo trip on Friday 14th March, they must wear full school uniform on the day.**

### Class Assemblies

Please see below dates of all the assemblies this half term. We welcome parents & governors to come and watch the children performing. Assemblies start at **8.50am**. Please be on time.

| Class | Date |
|---|---|
| **Yr3 Guru Ram Das Ji Class (Miss Birk)** | **Friday 14th March** |
| Yr3 Guru Amar Das Ji Class (Mrs Kaur) | Friday 21st March |
| Yr2 Guru Nanak Dev Ji Class (Mrs Lagah) | Friday 28th March |
| Yr2 Guru Angad Dev Ji Class (Mr Formella) | Friday 4th April |

### Dates for your diary




| Date | Event |
|---|---|
| **Tuesday 11th &Thursday 13th March** | **Parents' Meetings** |
| **Friday 14th March** | **Reception Trip - London Zoo** |
| **Friday 14th March** | **Red Nose Day** |
| Tuesday 18th March | Coffee Morning - Health & Safety / Safeguarding |
| Friday 27th March | Yr4 Trip - Hampton Court Palace |
| Friday 4th April | End of spring term |

### Literacy Week



We've planned a Literacy week during the week beginning 17th March 2014. During this week, on **Tuesday 18th March** we will celebrating "World Book day". Children are encouraged to dress up as their favourite book character and bring their favourite book to school on the day.

### Coffee Morning—Well being of children

The "coffee morning" on **Tuesday 18th March** will focus on "Health & Safety and Safeguarding". We will provide information for parents & carers on how we keep the **safety and well-being of children at the centre of everything we do.** There will also be an opportunity to **meet governors** and ask questions. We look forward to seeing you on **18th March @ 8.50am**.

### Sainsbury's Active Kids—Tokens

Active Kids

We're taking part in **"Sainsbury's Active Kids 2014"**, and we hope to get some fantastic new cooking and active equipment, and experiences. We've already got our hopes on some exciting items so need a big team effort. Please hand in your vouchers to the school now!

### Change of Contact Details



It is essential the school has up to date information regarding children in case of an emergency. If there are any changes to your home address or contact details please notify the school office immediately. It is a mandatory requirement that you provide the school with correct details for our records. Any change of details thereafter, it is parents' responsibility to contact the school office to update information.

### Thought of the week

**"What you think of yourself is more important than what others think of you."**

### ATTENDANCE



Well done to **Guru Hargobind Sahib Ji and Guru Ram Das Ji's Classes** for achieving best attendance for week ending **07/03/2014**.

### GOLDEN RULES

This week's Golden Rule is **'Caring & Sharing'.**

Children who were awarded for **Working Hard** for week ending **07/03/2014:**

**Year 4:**
Guru Hargobind Sahib Ji - Gurkirat
Guru Arjan Dev Ji - Bhavandeep

**Year 3:**
Guru Ram Das Ji - Rajneet
Guru Amar Das Ji - Shamsher

**Year 2:**
Guru Nanak Dev Ji - Imaan
Guru Angad Dev Ji - Roop

**Year 1:**
Sahibzada Ajit Singh Ji - Avneet
Sahibzada Jujhar Singh Ji - Harjas

**Reception:**
Sahibzada Fateh Singh Ji - Balveer
Sahibzada Zorawar Singh Ji - Mannat







# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੧੦ ਮਾਰਚ ੨੦੧੪

**ਵਾਲਿਓਮ ੫, ਇਸ਼ੂ ੨੩**

### ਪਹਿਲੀ ਜਮਾਤ ਦੇ ਧੁਨੀ ਸ਼ਾਸਤਰ ਦੀ ਪ੍ਰੀਖਿਆ (ਫੋਨਿਕਸ ਚੈਕ)



ਵੀਰਵਾਰ ੬ ਮਾਰਚ ਨੂੰ ਜਿਹੜੇ ਮਾਪਿਆਂ ਨੇ ਫੋਨਿਕਸ ਮੁਲਾਕਾਤ ਵਿਚ ਭਾਗ ਲਿਆ ਉਨ੍ਹਾਂ ਦਾ ਬਹੁਤ ਧਨਵਾਦ ਹੈ।ਅਸੀਂ ਉਮੀਦ ਕਰਦੇ ਹਾਂ ਕਿ ਇਸ ਮੁਲਾਕਾਤ ਵਿਚ ਸ਼ਾਮਿਲ ਹੋ ਕੇ ਤੁਸੀਂ ਲਾਭ ਪ੍ਰਾਪਤ ਕੀਤਾ ਹੈ ਅਤੇ ਹੁਣ ਤੁਸੀਂ ਆਪਣੇ ਬੱਚੇ ਦੀ ਇਸ ਪ੍ਰੀਖਿਆ ਦੀ ਤਿਆਰੀ ਵਿਚ ਪੂਰੀ ਮਦਦ ਕਰ ਸਕੋਗੇ।ਜੇਕਰ ਤੁਹਾਡੇ ਮਨ ਵਿਚ ਹਾਲੇ ਵੀ ਕੁਝ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰਨ ਤੋਂ ਝਿਜਕਣਾ ਨਾ।

### ਮਾਪਿਆਂ ਦੀ ਮੁਲਾਕਾਤ

ਮੰਗਲਵਾਰ ੧੧ ਅਤੇ ਵੀਰਵਾਰ ੧੩ ਮਾਰਚ ਨੂੰ ਦੁਪਿਹਰ ੨.੩੦ ਤੋਂ ੫.੦੦ ਵਜੇ ਤੱਕ ਤੁਹਾਨੂੰ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲ ਕੇ ਉਸ ਦੇ ਵਿਕਾਸ ਬਾਰੇ ਵਿਚਾਰ ਕਰਨ ਦਾ ਮੌਕਾ ਦਿੱਤਾ ਜਾਵੇਗਾ।ਤੁਹਾਡੇ ਬੱਚੇ ਦੇ ਲਈ ਨਿਸਚਿਤ ਕੀਤੇ ਵਿਸ਼ੇਸ਼ ਟੀਚੇ (ਟਾਰਗੇਟਸ) ਵੀ ਆਪ ਜੀ ਨਾਲ ਸਾਂਝੇ ਕੀਤੇ ਜਾਣਗੇ।ਜੇਕਰ ਆਪ ਜੀ ਨੇ ਹਾਲੇ ਤੱਕ ਨਹੀਂ ਕੀਤੇ ਤਾਂ ਤੁਸੀਂ ਕਿਰਪਾ ਕਰਕੇ ਢੁਕਵੇਂ ਸਮੇਂ ਅੱਗੇ ਹੁਣ ਦਸਤਖ਼ਤ ਕਰਨੇ ਜੀ।ਨਰਸਰੀ, ਰਿਸੈਪਸ਼ਨ ਅਤੇ ਪਹਿਲੀ ਜਮਾਤ ਜਮਾਤੀ ਕਮਰਿਆਂ ਵਿਚ ਅਤੇ ਦੂਜੀ ਤੋਂ ਚੌਥੀ ਜਮਾਤ ਸਕੂਲ ਦੇ ਰਿਸੈਪਸ਼ਨ ਵਿਚ ਲੱਗੀ ਸ਼ੀਟ ਤੇ ਦਸਤਖ਼ਤ ਕਰ ਸਕਦੇ ਹਨ ਜੀ। **ਨੋਟ: ਸਕੂਲ ਰੋਜ਼ 'ਗ ੩.੨੦ ਤੇ ਖ਼ਤਮ ਹੋਵੇਗਾ।**

### ਚੌਥੀ ਜਮਾਤ ਦਾ ਫੁਟਬਾਲ ਮੈਚ



ਬੁੱਧਵਾਰ ੧੨ ਮਾਰਚ ਨੂੰ ਸਾਡੇ ਸਕੂਲ ਦਾ ਵੁਲਫ ਫੀਲਡਜ਼ ਪ੍ਰਾਇਮਰੀ ਸਕੂਲ ਨਾਲ ਇਕ ਮੈਚ ਹੋਵੇਗਾ।ਮਿਸਟਰ ਵਿਰਦੀ ਨੇ ਇਸ ਵਿਚ ਭਾਗ ਲੈਣ ਲਈ ਚੌਥੀ ਜਮਾਤ ਦੇ ੧੨ ਲੜਕੇ ਚੁਣੇ ਹਨ।ਇਹ ਮਹਤਵਪੂਰਨ ਮੈਚ ਸਕੂਲ ਦੇ ਪਿਛਲੇ ਨੌਰਵੁੱਡ ਗਰੀਨ ਦੇ ਖੇਡ ਮੈਦਾਨ ਵਿਚ ਦੁਪਿਹਰ ੩.੧੫ ਤੋਂ ੪.੧੫ ਦੇ ਵਿਚਕਾਰ ਹੋਵੇਗੀ।ਕਿਰਪਾ ਕਰਕੇ ਆਓ ਅਤੇ ਇਸ ਪਹਿਲੇ ਖ਼ਾਲਸਾ ਫੁਟਬਾਲ ਮੈਚ ਦੇ ਖਿਡਾਰੀਆਂ ਨੂੰ ਉਤਸਾਹਿਤ ਕਰੋ।

### ਲਾਲ ਨੱਕ ਦਿਵਸ

ਸ਼ੁਕਰਵਾਰ ੧੪ ਮਾਰਚ ਨੂੰ ਅਸੀਂ ਲਾਲ ਨੱਕ ਦਿਵਸ ਲਈ ਧਨ ਇਕਤਰ ਕਰਾਂਗੇ।ਬਚਿੱਆਂ ਨੂੰ ਇਸ ਦਿਨ ਆਪਣੇ ਸਕੂਲੀ ਵਰਦੀ ਦੇ ਕਪੜੇ ਪਹਿਨਣੇ ਦੀ ਹੀ ਆਗਿਆ ਹੋਵੇਗੀ।ਅਸੀਂ ਚਾਹਾਂਗੇ ਕਿ ਇਸ ਦਿਨ ਸਭ ਬੱਚੇ ਅਤੇ ਅਧਿਆਪਕ ਕੋਈ ਇਕ ਚੀਜ਼ (ਸਕਾਰਫ, ਜੁਰਾਬਾਂ, ਜੰਪਰ, ਕੜਾ ਆਦਿ) ਲਾਲ ਪਹਿਨ ਕੇ ਆਉਣ ਅਤੇ ੧ ਪਾਊਂਡ ਦਾਨ ਕਰਨ।ਦਾਨ ਦੀ ਸਾਰੀ ਰਕਮ ਰੈਡ ਨੋਜ਼ ਚੈਰਿਟੀ ਨੂੰ ਭੇਜੀ ਜਾਵੇਗੀ। ਕਿਰਪਾ ਕਰਕੇ ਨੋਟ ਕਰਨਾ ਕਿ ਰਿਸੈਪਸ਼ਨ ਜਮਾਤ ਦੇ ਬੱਚੇ ਸ਼ੁਕਰਵਾਰ ੧੪ ਮਾਰਚ ਦੇ ਇਸ ਦਿਨ ਲੰਡਨ ਜ਼ੂ ਟਰਿਪ ਤੇ ਜਾ ਰਹੇ ਹਨ। ਉਨ੍ਹਾਂ ਲਈ ਸਕੂਲੀ ਵਰਦੀ ਪਹਿਨਣੀ ਲਾਜ਼ਮੀ ਹੈ।

### ਜਮਾਤੀ ਸਭਾਵਾਂ

ਇਸ ਹਾਫ ਟਰਮ ਵਿਚ ਸਾਰੀਆਂ ਜਮਾਤਾਂ ਸਵੇਰ ਦੀ ਸਭਾ ਕਰਨਗੀਆਂ। ਅਸੀਂ ਬਚਿੱਆਂ, ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਇਨ੍ਹਾਂ ਸਭਾਵਾਂ ਵਿਚ ਆਪਣੇ ਬਚਿੱਆਂ ਦੀਆਂ ਪੇਸ਼ਕਾਰੀਆਂ ਦਾ ਅਨੰਦ ਲੈਣ ਲਈ ਜੀ ਆਇਆਂ ਆਖਦੇ ਹਾਂ।ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਵਿਚ ਆਪਣੇ ਬੱਚੇ ਦੀ ਪੇਸ਼ਕਾਰੀ ਦਾ ਦਿਨ ਵੇਖਣਾ ਜੀ।ਸਭਾ ਸਵੇਰੇ ੮.੫੦ ਤੇ ਅਰੰਭ ਹੋਵੇਗੀ। ਸਮੇਂ ਸਿਰ ਪੁਜਣ ਦੀ ਕਿਰਪਾ ਕਰਨੀ ਜੀ।

| ਜਮਾਤ | ਤਾਰੀਖ਼ |
|---|---|
| **ਤੀਜੀ ਜਮਾਤ-ਗੁਰੂ ਰਾਮਦਾਸ ਜੀ-ਮਿਸ ਬਰਕ** | **ਸ਼ੁਕਰਵਾਰ ੧੪ ਮਾਰਚ** |
| ਤੀਜੀ ਜਮਾਤ-ਗੁਰੂ ਅਮਰਦਾਸ ਜੀ-ਮਿਸਿਜ਼ ਕੌਰ | ਸ਼ੁਕਰਵਾਰ ੨੧ ਮਾਰਚ |
| ਦੂਜੀ ਜਮਾਤ-ਗੁਰੂ ਨਾਨਕ ਦੇਵ ਜੀ-ਮਿਸਿਜ਼ ਲਗਾਹ | ਸ਼ੁਕਰਵਾਰ ੨੮ ਮਾਰਚ |
| ਦੂਜੀ ਜਮਾਤ-ਗੁਰੂ ਅੰਗਦ ਦੇਵ ਜੀ-ਮਿਸਟਰ ਫੌਰਮੇਲਾ | ਸ਼ੁਕਰਵਾਰ ੦੪ ਅਪਰੈਲ |

### ਡਾਇਰੀ ਲਈ ਤਾਰੀਖ਼ਾਂ

| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ਮੰਗਲਵਾਰ ੧੧ ਅਤੇ ਵੀਰਵਾਰ ੧੩ ਮਾਰਚ | ਮਾਪਿਆਂ ਦੀ ਮੁਲਾਕਾਤ |
| ਸ਼ੁਕਰਵਾਰ ੧੪ ਮਾਰਚ | ਰਿਸੈਪਸ਼ਨ ਦੀ ਸੈਰ-ਲੰਡਨ ਜ਼ੂ |
| ਸ਼ਨਿਚਰਵਾਰ ੧੫ ਮਾਰਚ | ਰੈਡ ਨੋਜ਼ ਡੇ |
| ਮੰਗਲਵਾਰ ੧੮ ਮਾਰਚ | ਕਾਫੀ ਸਵੇਰ-ਸਿਹਤ ਅਤੇ ਸੁਰਖਿਆ/ਰਖਿਆ ਲਈ ਬਚਾਅ ਪ੍ਰਬੰਧ |
| ਸ਼ੁਕਰਵਾਰ ੨੨ ਮਾਰਚ | ਚੌਥੀ ਜਮਾਤ ਦਾ ਟਰਿਪ-ਹੈਂਪਟਨ ਕੋਰਟ ਦਾ ਮਹਿਲ |
| ਸ਼ੁਕਰਵਾਰ ੦੪ ਅਪਰੈਲ | ਸਪਰਿੰਗ ਟਰਮ ਦਾ ਅੰਤ |

### ਸਾਖਰਤਾ ਹਫ਼ਤਾ



੧੭ ਮਾਰਚ ੨੦੧੪ ਨੂੰ ਅਰੰਭ ਹੁੰਦੇ ਹਫ਼ਤੇ ਤੋਂ ਅਸੀਂ ਸਾਖਰਤਾ ਹਫ਼ਤਾ ਮਨਾਉਣ ਦੀ ਯੋਜਨਾ ਬਣਾਈ ਹੈ।ਇਸ ਹਫ਼ਤੇ ਦੌਰਾਨ ਅਸੀਂ ੧੮ ਮਾਰਚ ਨੂੰ "ਵਿਸ਼ਵ ਪੁਸਤਕ ਦਿਵਸ" ਮਨਾਵਾਂਗੇ। ਬਚਿੱਆਂ ਨੂੰ ਉਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਪਸੰਦੀਦਾ ਪੁਸਤਕ ਪਾਤਰ ਵਜੋਂ ਸਜ ਕੇ ਆਉਣ ਅਤੇ ਆਪਣੀ ਪਸੰਦੀਦਾ ਪੁਸਤਕ ਸਕੂਲ ਆਪਣੇ ਨਾਲ ਲਿਆਉਣ।

### ਕਾਫੀ ਸਵੇਰ-ਬੱਚਿਆਂ ਦੀ ਭਲਾਈ

ਮੰਗਲਵਾਰ ੧੮ ਮਾਰਚ ਨੂੰ ਸਵੇਰੇ ੮.੫੦ ਤੇ ਕਾਫੀ ਸਵੇਰ ਦਾ ਕੇਂਦਰ ਸਕੂਲ ਵਿਚ ਬਚਿੱਆਂ ਦੀ ਸਿਹਤ, ਸੁਰਖਿਆ ਅਤੇ ਭਲਾਈ ਹੋਵੇਗਾ।ਅਸੀਂ ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਜਾਣਕਾਰੀ ਦਿਆਂਗੇ ਕਿ ਅਸੀਂ ਸਕੂਲ ਵਿਚ ਜੋ ਕੁਝ ਵੀ ਕਰਦੇ ਹਾਂ ਉਸ ਦਾ ਕੇਂਦਰ ਸਦਾ ਬਚਿੱਆਂ ਦੀ ਸੁਰਖਿਆ ਅਤੇ ਭਲਾਈ ਕਿਵੇਂ ਹੁੰਦਾ ਹੈ। ਗਵਰਨਰ ਸਾਹਿਬਾਨ ਤੋਂ ਪ੍ਰਸ਼ਨ ਪੁਛਣ ਦਾ ਇਕ ਮੌਕਾ ਵੀ ਆਪ ਜੀ ਨੂੰ ਮਿਲੇਗਾ।ਅਸੀਂ ੧੮ ਮਾਰਚ ਨੂੰ ਸਵੇਰੇ ੮.੫੦ ਤੇ ਆਪ ਜੀ ਨੂੰ ਮਿਲਣ ਲਈ ਉਡੀਕਵਾਨ ਹਾਂ।

### ਸੇਂਜ਼ਬਰੀ ਐਕਟਿਵ ਕਿਡਜ਼ -ਟੋਕਨ

ਅਸੀਂ ਸੇਂਜ਼ਬਰੀ ਐਕਟਿਵ ਕਿਡਜ਼ ੨੦੧੪ ਵਿਚ ਭਾਗ ਲੈ ਰਹੇ ਹਾਂ। ਅਸੀਂ ਭੋਜਨ ਬਣਾਉਣ ਦਾ ਕੁਝ ਸਾਮਾਨ ਇਸ ਰਾਹੀਂ ਪ੍ਰਾਪਤ ਕਰਨ ਦੇ ਆਸਵੰਦ ਹਾਂ।ਸਾਡੀ ਨਜ਼ਰ ਪਹਿਲਾਂ ਹੀ ਕੁਝ ਆਕਰਸ਼ਕ ਵਸਤਾਂ ਉੱਤੇ ਹੈ ਸੋ ਸਾਨੂੰ ਟੀਮ ਵਜੋਂ ਯਤਨ ਕਰਨ ਦੀ ਜ਼ਰੂਰੀ ਲੋੜ ਹੈ।ਤੁਸੀਂ ਹੁਣੇ ਹੀ ਆਪਣੇ ਵੌਚਰ ਸਕੂਲ ਵਿਚ ਜਮ੍ਹਾਂ ਕਰਵਾਓ ਜੀ!

### ਸੰਪਰਕ ਬਾਰੇ ਤਬਦੀਲੀ



ਕਿਸੇ ਸੰਕਟ ਦੀ ਸਥਿਤੀ ਵਿਚ ਆਪ ਜੀ ਨਾਲ ਸੰਪਰਕ ਕਰਨ ਲਈ ਸਕੂਲ ਕੋਲ ਆਪ ਬਾਰੇ ਤਾਜ਼ਾ ਜਾਣਕਾਰੀ ਹੋਣਾ ਲਾਜ਼ਮੀ ਹੈ।ਜੇਕਰ ਆਪ ਦੇ ਸਿਰਨਾਵੇਂ ਜਾਂ ਸੰਪਰਕ ਬਾਰੇ ਕੋਈ ਤਬਦੀਲੀ ਹੁੰਦੀ ਹੈ ਤਾਂ ਕਿਰਪਾ ਕਰਕੇ ਸਕੂਲ ਨੂੰ ਝੱਟ ਹੀ ਸੂਚਿਤ ਕਰਨਾ ਜੀ।ਇਹ ਜਾਣਕਾਰੀ ਸਕੂਲ ਦੇ ਰਿਕਾਰਡ ਲਈ ਲਾਜ਼ਮੀ ਜ਼ਰੂਰਤ ਹੈ। ਇਹ ਜ਼ਰੂਰੀ ਹੈ ਕਿ ਸਕੂਲ ਕੋਲ ਬੱਚੇ ਬਾਰੇ ਠੀਕ ਸੰਪਰਕ ਜਾਣਕਾਰੀ ਹੋਵੇ।।ਸੰਪਰਕ ਬਾਰੇ ਹੋਈ ਤਬਦੀਲੀ ਬਾਰੇ ਸਕੂਲ ਨੂੰ ਜਾਣਕਾਰੀ ਦੇਣਾ ਮਾਪਿਆਂ ਦੀ ਲਾਜ਼ਮੀ ਜ਼ਿੰਮੇਵਾਰੀ ਹੈ।

### ਇਸ ਹਫ਼ਤੇ ਦਾ ਵਿਚਾਰ

**"ਤੁਸੀਂ ਆਪਣੇ ਆਪ ਬਾਰੇ ਕੀ ਸੋਚਦੇ ਹੋ ਇਹ ਇਸ ਨਾਲੋਂ ਵੱਧ ਮਹਤਵਪੂਰਨ ਹੈ ਕਿ ਦੂਜੇ ਤੁਹਾਡੇ ਬਾਰੇ ਕੀ ਸੋਚਦੇ ਹਨ।"**

### ਹਾਜ਼ਰੀ



੦੭/੦੩/੨੦੧੪ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ ਗੁਰੂ **ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਰਾਮਦਾਸ ਜੀ ਜਮਾਤਾਂ** ਨੂੰ ਸ਼ਾਬਾਸ਼ ਹੈ।

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਵੰਡ ਛਕਣਾ** ਹੈ।ਬੱਚੇ ਜਿਨ੍ਹਾਂ ਨੂੰ ੦੭/੦੩/੨੦੧੪ ਨੂੰ ਸਮਾਪਤ ਹੋਏ ਹਫ਼ਤੇ **ਕਰਤ ਕਰਨੀ** ਲਈ ਸਤਿਕਾਰਤ ਕੀਤਾ ਜਾਂਦਾ ਹੈ:



**ਚੌਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ – ਗੁਰਕੀਰਤ
ਗੁਰੂ ਅਰਜਨ ਦੇਵ ਜੀ – ਭਵਨਦੀਪ

**ਤੀਜੀ ਜਮਾਤ:**
ਗੁਰੂ ਰਾਮਦਾਸ ਜੀ – ਰਜਨੀਤ
ਗੁਰੂ ਅਮਰਦਾਸ ਜੀ – ਸ਼ਮਸ਼ੇਰ



**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ – ਇਮਾਨ
ਗੁਰੂ ਅੰਗਦ ਦੇਵ ਜੀ – ਰੂਪ

**ਪਹਿਲੀ ਜਮਾਤ:**
ਸਾਹਿਬਜ਼ਾਦਾ ਅਜੀਤ ਸਿੰਘ ਜੀ ਜਮਾਤ – ਅਵਨੀਤ
ਸਾਹਿਬਜ਼ਾਦਾ ਜੁਝਾਰ ਸਿੰਘ ਜੀ ਜਮਾਤ – ਹਰਜਸ



**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ – ਬਲਵੀਰ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ – ਮੰਨਤ